# ਟਰੋਪੀਕਾਨਾ ਵੱਲੋਂ ਨਵੀਂ ਰੇਂਜ ਦਾ ਫਰੂਟ ਜੂਸ

**ਟ੍ਰਿਬਿਊਨ ਨਿਊਜ਼ ਸਰਵਿਸ**

**ਚੰਡੀਗੜ੍ਹ, 28 ਜੂਨ**

ਇਸ ਵਾਰ ਗਰਮੀ ਦੇ ਮੌਸਮ 'ਚ ਪੈਪਸੀਕੋ ਦੀ ਅੰਤਰਰਾਸ਼ਟਰੀ ਫਰੂਟ ਜੂਸ ਬਰਾਂਡ ਟਰੋਪੀਕਾਨਾ ਨੇ ਆਪਣਾ ਸੌ ਫੀਸਦੀ ਪ੍ਰਤੀਸਤ ਫਰੂਟ ਜੂਸ ਰੇਂਜ ਦਾ ਵਿਸਤਾਰ ਕਰਦੇ ਹੋਏ ਇਕਦਮ ਨਵੇਂ ਮਿਕਸਡ ਫਰੂਟ ਜੂਸ ਨੂੰ ਬਾਜ਼ਾਰ 'ਚ ਉਤਾਰਿਆ ਹੈ।

ਸੱਤ ਫਲਾਂ ਦੀਆਂ ਖੂਬੀਆਂ ਵਾਲਾ ਟਰੋਪੀਕਾਨਾ ਦਾ ਫਰੂਟ ਜੂਸ ਸਵਾਦ ਤੇ ਪੋਸ਼ਣ 'ਚ ਸਰਵੋਤਮ ਮਿਸ਼ਰਨ ਹੈ। ਇਸ 'ਚ ਸੇਬ, ਸੰਤਰਾ, ਅੰਗੂਰ, ਆੜੂ, ਖੁਰਮਾਨੀ, ਪੈਸ਼ਨ ਫਰੂਟ ਤੇ ਥੋੜ੍ਹਾ ਜਿਹਾ ਨਿੰਬੂ ਦਾ ਸਵਾਦ ਹੈ।

ਟਰੋਪੀਕਾਨਾ ਦਾ ਜੂਸ ਵਿਸ਼ਵ ਦੇ ਸਰਵੋਤਮ ਫਲ ਫਾਰਮ 'ਚ ਚੁਣੇ ਗਏ ਫਲਾਂ ਦੇ ਦਰਖਤ ਤੋਂ ਫਲ ਤੋੜਨ ਦੇ 24 ਘੰਟੇ ਦੇ ਅੰਦਰ ਕੱਢਿਆ ਗਿਆ ਰਸ ਹੈ ਇਸ 'ਚ ਚੀਨੀ, ਰੰਗ ਜਾਂ ਇਸ ਨੂੰ ਸੁਰੱਖਿਅਤ ਰੱਖਣ ਵਾਲਾ ਕੋਈ ਰਸਾਇਣ ਨਹੀਂ ਮਿਲਾਇਆ ਜਾਂਦਾ। ਇਸ 'ਚ ਕੋਈ ਚਿਕਨਾਈ ਜਾਂ ਕੋਲੈਸਟਰੋਲ ਨਹੀਂ। ਇਹ ਬਲੱਡ ਪ੍ਰੈਸ਼ਰ ਦਾ ਖਤਰਾ ਘੱਟ ਕਰਨ 'ਚ ਸਹਾਇਤਾ ਵਾਲੇ ਪੋਟਾਸ਼ੀਅਮ ਦਾ ਵੀ ਚੰਗਾ ਸਰੋਤ ਹੈ।

ਇੰਡੀਅਨ ਮੈਡੀਕਲ ਐਸੋਸੀਏਸ਼ਨ ਹਰ ਰੋਜ਼ ਪੰਜ ਵਾਰ ਫਲ ਤੇ ਸਬਜ਼ੀ ਖਾਣ ਦੀ ਸਿਫਾਰਸ਼ ਕਰਦੀ ਹੈ ਤੇ ਟਰੋਪੀਕਾਨਾ ਦਾ ਜੂਸ ਇਨ੍ਹਾਂ 'ਚੋਂ ਇਕ ਹੈ। ਇਸ ਤਰ੍ਹਾਂ 100 ਫੀਸਦੀ ਜੂਸ ਨਾ ਸਿਰਫ ਫਲ ਖਾਣ ਦਾ ਇਕ ਵਿਲੱਖਣ ਵਿਕਲਪ ਹੈ, ਬਲਕਿ ਭੱਜ ਦੌੜ ਭਰੀ ਜ਼ਿਦਗੀ 'ਚ ਪੋਸ਼ਣ ਹਾਸਲ ਕਰਨ ਦਾ ਇਕ ਉੱਤਮ ਤਰੀਕਾ ਹੈ। 200 ਮਿਲੀ ਲਿਟਰ ਦੇ ਟੈਟਰਾਪੈਕ ਦਾ ਰੇਟ 20 ਰੁਪਏ ਹੈ ਤੇ ਇਕ ਲੀਟਰ ਦਾ ਪੈਕ 85 ਰੁਪਏ 'ਚ ਮਿਲਦਾ ਹੈ।